# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕਾਲਜ ਸੈਕਸ਼ਨ

ਨੰ. 528 /ਕਾਲਜਾਂ/ਸ-2
ਮਿਤੀ 11/03/25

ਯਾਦ ਪੱਤਰ-1
ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ,
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ: ਸੈਸ਼ਨ 2024-2025 ਦੌਰਾਨ ਬੀ. ਐੱਡ. (ਦੋ ਸਾਲਾ) ਕੋਰਸ ਲਈ ਮੈਨਡੇਟਰੀ ਪ੍ਰੋਫਾਰਮਾ ਤਸਦੀਕ ਕਰਨ ਸਮੇਂ ਪ੍ਰਿੰਸੀਪਲ ਅਤੇ ਟੀਚਿੰਗ ਸਟਾਫ ਦੀ ਪੂਰਤੀ ਸਬੰਧੀ ਦਿੱਤੇ ਗਏ ਹਲਫੀਆ ਬਿਆਨ ਸਬੰਧੀ।

ਹਵਾਲਾ: ਪੱਤਰ ਨੰਬਰ 99 /ਕਾਲਜਾਂ/ ਸ-2 ਮਿਤੀ 15.01.2025 ਸਬੰਧੀ।

ਡੀਨ, ਕਾਲਜ ਵਿਕਾਸ ਕੌਂਸਲ ਵੱਲੋਂ ਹੋਏ ਆਦੇਸਾ ਅਨੁਸਾਰ ਉਕਤ ਵਿਸ਼ੇ ਸਬੰਧੀ ਸੈਸ਼ਨ 2024-2025 ਦੌਰਾਨ ਬੀ.ਐੱਡ. ਕੋਰਸਾਂ ਦੇ ਦਾਖਲਿਆ ਲਈ ਮੈਨਡੇਟਰੀ ਪ੍ਰੋਫਾਰਮਾ ਤਸਦੀਕ ਕਰਨ ਸਮੇਂ ਰੈਗੂਲਰ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਦਾ 2/3 ਹਿੱਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ (ਯੂਨੀਵਰਸਿਟੀ ਚੋਣ ਕਮੇਟੀ ਰਾਹੀਂ) ਕਰਨ ਲਈ ਕਾਲਜ ਮੈਨੇਜਮੈਂਟ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਸੀ। ਕਾਲਜਾਂ ਵੱਲੋਂ ਇਸ ਸਬੰਧੀ ਕੋਈ ਗੰਭੀਰਤਾ ਨਹੀਂ ਦਿਖਾਈ ਜਾਂਦੀ।

ਇਸ ਸਬੰਧੀ ਆਪ ਨੂੰ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ ਰੈਗੂਲਰ ਪ੍ਰਿੰਸੀਪਲ ਤੋਂ ਇਲਾਵਾ ਬੀ.ਐੱਡ. ਕੋਰਸ ਲਈ ਟੀਚਿੰਗ ਸਟਾਫ 2/3 ਹਿੱਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਿਯੁਕਤ ਕਰ ਕੇ ਦਫਤਰ ਨੂੰ ਸੂਚਿਤ ਕੀਤਾ ਜਾਵੇ। ਇਸ ਤੋਂ ਇਲਾਵਾ ਕਈ ਕਾਲਜਾਂ ਵੱਲੋਂ ਫੈਕਲਟੀ ਦੀ ਚੋਣ ਕਰਵਾਕੇ ਅਪਰੂਵਲ ਕੇਸ ਦਫਤਰ ਵਿਖੇ ਜਮ੍ਹਾਂ ਕਰਵਾ ਦਿੱਤੇ ਜਾਂਦੇ ਹਨ, ਕਾਲਜ ਸੈਕਸ਼ਨ ਵੱਲੋਂ ਅਪਰੂਵਲ ਕੇਸ ਵਿੱਚ ਕਿਸੇ ਵੀ ਤਰ੍ਹਾਂ ਦੀ ਤਰੁੱਟੀ ਕਾਰਨ ਕਾਲਜਾਂ ਨੂੰ ਤਰੁੱਟੀ ਪੱਤਰ ਪਾਉਣ ਦੇ ਬਾਵਜੂਦ ਵੀ ਅਪਰੂਵਲ ਕੇਸਾਂ ਦੀ ਤਰੁੱਟੀਆਂ ਦੂਰ ਨਹੀਂ ਕਰਵਾਈਆ ਜਾਂਦੀਆਂ। ਉਹ ਅਪਰੂਵਲ ਕੇਸਾਂ ਸਬੰਧੀ ਤਰੁੱਟੀਆਂ ਵੀ ਦੂਰ ਕਰਵਾਈਆ ਜਾਣ।

ਇਸ ਤੋਂ ਇਲਾਵਾ ਜਿਹੜੇ ਕਾਲਜਾਂ ਦਾ 2017 ਤੋਂ 2020 ਤੱਕ ਦਾ ਜੀ.ਐਸ.ਟੀ. ਬਕਾਇਆ ਹੈ। ਉਹ ਵੀ ਜਲਦੀ ਤੋਂ ਜਲਦੀ ਭਰਿਆ ਜਾਵੇ।

ਇੱਥੇ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਕਾਲਜਾਂ ਵੱਲੋਂ ਅਪਰੂਵਲ ਕੇਸਾਂ ਸਬੰਧੀ ਅਜੇ ਤੱਕ ਤਰੁੱਟੀਆਂ ਦੂਰ ਨਹੀਂ ਕਰਵਾਈਆਂ ਗਈਆਂ ਉਹ ਕਾਲਜ ਤੁਰੰਤ ਤਰੁੱਟੀਆਂ ਦੂਰ ਕਰਵਾ ਕੇ ਅਪਰੂਵਲ ਕੇਸ ਕਲੀਅਰ ਕਰਵਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬਣਦਾ ਜੁਰਮਾਨਾ ਭਰਵਾਉਣਾ ਹੋਵੇਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਸਹਾਇਕ ਰਜਿਸਟਰਾਰ (ਕਾਲਜਾਂ)